# ਪੈਪਸੀਕੋ ਦੇ ਮੁੱਖ ਅਧਿਕਾਰੀ ਵਲੋਂ ਬਾਦਲ ਨਾਲ ਮੁਲਾਕਾਤ, ਕਈ ਖੇਤਰਾਂ 'ਚ ਸਹਿਯੋਗ ਦਾ ਐਲਾਨ

ਚੰਡੀਗੜ੍ਹ, ਅਪ੍ਰੈਲ 24 (ਭੁੱਲਰ)–ਪੰਜਾਬ ਨੂੰ ਫਲਾਂ ਦੇ ਰਸਾਂ ਦੇ ਖੇਤਰ ਵਿਚ ਵਿਸ਼ਵ ਦਾ ਸਭ ਤੋਂ ਵੱਡਾ ਉਤਪਾਦਕ ਬਣਾਉਣ ਲਈ ਪ੍ਰਮੁੱਖ ਕੋਲਡ ਡ੍ਰਿੰਕਸ ਕੰਪਨੀ ਵਲੋਂ ਆਪਣਾ ਕਾਰੋਬਾਰ ਪੰਜਾਬ ਵਿਚ ਸ਼ੁਰੂ ਕੀਤਾ ਜਾਵੇਗਾ। ਇਸ ਤਰ੍ਹਾਂ ਕੰਪਨੀ ਵਲੋਂ ਖੇਤੀ ਵਿਭਿੰਨਤਾ ਦੇ ਖੇਤਰ ਵਿਚ ਵੀ ਵੱਡਮੁੱਲਾ ਯੋਗਦਾਨ ਪਾਇਆ ਜਾਵੇਗਾ।



ਚੰਡੀਗੜ੍ਹ : ਪੈਪਸੀਕੋ ਇੰਟਰਨੈਸ਼ਨਲ ਦੇ ਸੀ. ਈ. ਓ. ਸੰਜੀਵ ਚੱਢਾ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨਾਲ ਵਿਚਾਰ-ਵਟਾਂਦਰਾ ਕਰਦੇ ਹੋਏ।

ਇਸ ਤੋਂ ਇਲਾਵਾ ਕੰਪਨੀ ਵਲੋਂ ਸਿੱਖਿਆ ਸਿਹਤ, ਦਿਹਾਤੀ ਸਫਾਈ ਅਤੇ ਪੀਣ ਵਾਲੇ ਸਵੱਛ ਪਾਣੀ ਦੀ ਸਪਲਾਈ ਦੇ ਖੇਤਰਾਂ ਵਿਚ ਰਾਜ ਸਰਕਾਰ ਨਾਲ ਭਾਈਵਾਲੀ ਕਰਕੇ ਸਮਾਜਕ ਜ਼ਿੰਮੇਵਾਰੀ ਵੀ ਨਿਭਾਈ ਜਾਵੇਗੀ।

ਇਹ ਪ੍ਰਗਟਾਵਾ ਪੈਪਸੀ ਇੰਟਰਨੈਸ਼ਨਲ ਦੇ ਮੁੱਖ ਕਾਰਜਕਾਰੀ ਅਫਸਰ ਸੰਜੀਵ ਚੱਢਾ ਵਲੋਂ ਅੱਜ ਇਥੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਇਕ ਮੁਲਾਕਾਤ ਦੌਰਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੰਪਨੀ ਵਲੋਂ ਆਲੂਆਂ, ਸੇਬ ਅਤੇ ਨਿੰਬੂ ਜਾਤੀ ਦੇ ਫਲਾਂ ਦੀ ਠੇਕੇ ਦੇ ਆਧਾਰ 'ਤੇ ਖੇਤੀ ਕੀਤੀ ਜਾ ਰਹੀ ਹੈ ਅਤੇ ਅਸੀਂ ਕੁਝ ਹੋਰ ਫਲਾਂ ਦੀ ਵੀ ਠੇਕੇ ਦੇ ਆਧਾਰ ਤੇ ਖੇਤੀ ਸ਼ੁਰੂ ਕਰਨ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਬੀਵਰੇਜ ਸਨਅੱਤਾਂ ਧਰਤੀ ਹੇਠਲੇ ਪਾਣੀ ਦੇ ਡਿਗ ਰਹੇ ਸਤਰ ਨੂੰ ਰੋਕਣ ਵਿਚ ਵੱਡਾ ਯੋਗਦਾਨ ਪਾ ਸਕਦੀਆਂ ਹਨ।